بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੱਚਾਈ ਅਤੇ ਰਾਸਤਬਾਜ਼ੀ - ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਮੁਬਾਰਕ ਸੀਰਤ ਦਾ ਇੱਕ ਉੱਘਾ ਪਹਿਲੂ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 08 ਮਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਸੀਰਤ ਬਿਆਨ ਕਰਦੇ ਹੋਏ ਆਪ عليه السلام ਦੀ ਸੱਚਾਈ ਦੇ ਮਿਆਰ ਦੇ ਕੁੱਝ ਹਵਾਲੇ ਅਤੇ ਵਾਕ਼ਿਆਤ ਬਿਆਨ ਕੀਤੇ ਸਨ। ਅੱਜ ਵੀ ਕੁੱਝ ਵਾਕ਼ਿਆਤ ਬਿਆਨ ਕਰਾਂਗਾ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ 'ਤੇ ਇੱਕ **ਮੁਕ਼ੱਦਮਾ** ਡਾਕਟਰ ਹੈਨਰੀ ਮਾਰਟਨ ਕਲਾਰਕ ਦੇ ਵੱਲੋਂ ਕ਼ਤਲ ਦੇ ਇਰਾਦੇ ਦਾ ਦਾਇਰ ਹੋਇਆ ਸੀ। ਇਹ ਇੰਤਿਹਾਈ ਖ਼ਤਰਨਾਕ ਮੁਕ਼ੱਦਮਾ ਸੀ। ਆਪ عليه السلام ਫ਼ਰਮਾਉਂਦੇ ਹਨ ਕਿ ਇਹ ਮੁਕ਼ੱਦਮਾ ਅਜਿਹਾ ਖ਼ਤਰਨਾਕ ਸੀ ਕਿ **ਫਾਂਸੀ** ਦੀ ਸਜ਼ਾ ਵੀ ਹੋ ਸਕਦੀ ਸੀ। ਯਹੂਦੀਆਂ ਵੱਲੋਂ ਰੋਮੀ ਅਦਾਲਤ ਵਿੱਚ ਹਜ਼ਰਤ ਈਸਾ ਅਲੈਹਿੱਸ੍ ਸਲਾਮ 'ਤੇ ਕੀਤੇ ਜਾਣ ਵਾਲੇ ਮੁਕ਼ੱਦਮੇ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਇਸ ਕ਼ਿਸਮ ਦਾ ਮੁਕ਼ੱਦਮਾ ਮੇਰੇ ਉੱਤੇ ਵੀ ਹੋਇਆ ਸੀ। ਮਸੀਹ عليه السلام ਦੇ ਖ਼ਿਲਾਫ਼ ਤਾਂ ਯਹੂਦੀਆਂ ਨੇ ਮੁਕ਼ੱਦਮਾ ਕੀਤਾ ਸੀ ਪਰ ਇਸ ਸਲਤਨਤ ਵਿੱਚ ਮੇਰੇ ਖ਼ਿਲਾਫ਼ ਜਿਸ ਨੇ ਮੁਕ਼ੱਦਮਾ ਕੀਤਾ ਉਹ ਸਤਿਕਾਰਯੋਗ ਪਾਦਰੀ ਸੀ ਅਤੇ ਡਾਕਟਰ ਵੀ ਸੀ, ਜਿਸ ਨੇ ਮੇਰੇ ਤੇ ਕ਼ਤਲ ਦੇ ਇਰਾਦੇ ਦਾ ਮੁਕ਼ੱਦਮਾ ਬਣਾਇਆ ਅਤੇ ਉਸ ਨੇ ਗਵਾਹ ਵੀ ਪੂਰੇ ਕੀਤੇ ਇੱਥੋਂ ਤੱਕ ਕਿ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਜਿਹੜਾ ਇਸ ਸਿਲਸਿਲੇ ਦਾ ਸਖ਼ਤ **ਵਿਰੋਧੀ** ਅਤੇ **ਦੁਸ਼ਮਣ** ਹੈ, ਉਹ ਗਵਾਹੀ ਦੇਣ ਵਾਸਤੇ ਅਦਾਲਤ ਵਿੱਚ ਆਇਆ ਅਤੇ ਜਿੱਥੋਂ ਤੱਕ ਉਸ ਕੋਲੋਂ ਹੋ ਸਕਿਆ, ਉਸ ਨੇ ਮੇਰੇ ਖ਼ਿਲਾਫ਼ ਗਵਾਹੀ ਦਿੱਤੀ ਅਤੇ ਪੂਰੇ ਤੌਰ 'ਤੇ ਮੁਕ਼ੱਦਮਾ ਮੇਰੇ ਖ਼ਿਲਾਫ਼ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ।

ਇਹ ਮੁਕ਼ੱਦਮਾ ਕਪਤਾਨ ਡਗਲਸ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਇਜਲਾਸ ਵਿੱਚ ਸੀ। ਆਪ عليه السلام ਫ਼ਰਮਾਉਂਦੇ ਹਨ ਕਿ ਸਾਰੀਆਂ ਗਵਾਹੀਆਂ ਮੇਰੇ ਖ਼ਿਲਾਫ਼ ਬੜੇ ਜ਼ੋਰ ਸ਼ੋਰ ਨਾਲ ਦਿੱਤੀਆਂ ਗਈਆਂ। ਅਜਿਹੀ ਹਾਲਤ ਅਤੇ ਅਜਿਹੀ ਸੂਰਤ ਵਿੱਚ ਕੋਈ ਕ਼ਾਨੂੰਨ ਦਾਨ ਵੀ ਨਹੀਂ ਕਹਿ ਸਕਦਾ ਸੀ ਕਿ ਮੈਂ ਬਰੀ ਹੋ ਸਕਦਾ ਹਾਂ।

ਪਰ ਖ਼ੁਦਾ ਤਆਲਾ ਨੇ ਜਿਵੇਂ ਮੁਕ਼ੱਦਮੇ ਤੋਂ ਪਹਿਲਾਂ ਮੈਨੂੰ ਸੂਚਨਾ ਦਿੱਤੀ ਇਸੇ ਤਰ੍ਹਾਂ ਇਹ ਵੀ ਪਹਿਲਾਂ ਹੀ ਜ਼ਾਹਿਰ ਕਰ ਦਿੱਤਾ ਸੀ ਕਿ ਮੈਂ ਇਸ ਵਿੱਚ **ਬਰੀ** ਹੋਵਾਂਗਾ। ਕਪਤਾਨ ਡਗਲਸ ਨੂੰ ਦਾਅਵਾ ਕਰਨ ਵਾਲੇ ਦੇ ਬਿਆਨ ਤੇ ਕੁੱਝ ਸ਼ੱਕ ਸੀ। ਇਸ ਲਈ ਉਸ ਨੇ ਅਬਦੁਲ ਹਮੀਦ ਨੂੰ ਪੁਲਿਸ ਅਫ਼ਸਰ ਕਪਤਾਨ ਲੀਮਾਰ ਚੰਦ ਦੇ ਸਪੁਰਦ ਕੀਤਾ ਕਿ ਦੁਬਾਰਾ **ਤਫ਼ਤੀਸ਼** ਕਰੋ। ਕਪਤਾਨ ਨੇ ਅਬਦੁਲ ਹਮੀਦ ਨੂੰ ਬੁਲਾਇਆ ਤੇ ਉਸ ਨੂੰ ਕਿਹਾ ਕਿ ਸੱਚ ਬਿਆਨ ਕਰ। ਅਬਦੁਲ ਹਮੀਦ ਇਸ 'ਤੇ ਵੀ ਉਹੀ ਕ਼ਿੱਸਾ, ਜੋ ਉਸ ਨੇ ਪਹਿਲਾਂ ਪੇਸ਼ ਕੀਤਾ ਸੀ, ਉਹੀ ਕਹਿੰਦਾ ਰਿਹਾ। ਕਪਤਾਨ ਸਾਹਿਬ ਨੇ ਸਖ਼ਤੀ ਨਾਲ ਕਿਹਾ ਕਿ ਅਸਲ ਗੱਲ ਬਿਆਨ ਕਰ। ਇਸ 'ਤੇ ਉਸ ਨੇ ਅਸਲੀਅਤ ਖੋਲ੍ਹ ਦਿੱਤੀ ਅਤੇ ਸਾਫ਼ ਇਕ਼ਰਾਰ ਕੀਤਾ ਕਿ ਮੈਨੂੰ ਧਮਕਾ ਕੇ ਇਹ ਬਿਆਨ ਕਰਾਇਆ ਗਿਆ ਸੀ ਪਰ ਮੈਨੂੰ ਹਰਗਿਜ਼ ਮਿਰਜ਼ਾ ਸਾਹਿਬ عليه السلام ਨੇ ਕ਼ਤਲ ਦੇ ਲਈ ਨਹੀਂ ਸੀ

ਭੇਜਿਆ। ਕਪਤਾਨ ਇਸ ਬਿਆਨ ਨੂੰ ਸੁਣ ਕੇ ਖ਼ੁਸ਼ ਹੋਇਆ ਅਤੇ ਉਸ ਨੇ ਡਿਪਟੀ ਕਮਿਸ਼ਨਰ ਨੂੰ ਤਾਰ ਦਿੱਤੀ ਕਿ ਅਸੀਂ ਮੁਕ਼ੱਦਮਾ ਕੱਢ ਲਿਆ ਹੈ।

ਫ਼ਰਮਾਉਂਦੇ ਹਨ ਕਿ ਉਸ ਵੇਲੇ ਕੋਰਟ ਵਿੱਚ ਮੈਂ ਦੇਖਦਾ ਸੀ ਕਿ ਡਿਪਟੀ ਕਮਿਸ਼ਨਰ ਅਸਲੀਅਤ ਦੇ ਖੁੱਲ੍ਹ ਜਾਣ 'ਤੇ ਬੜਾ ਖ਼ੁਸ਼ ਸੀ ਅਤੇ ਉਨ੍ਹਾਂ ਇਸਾਈਆਂ 'ਤੇ ਉਸ ਨੂੰ ਸਖ਼ਤ ਗ਼ੁੱਸਾ ਸੀ ਜਿਨ੍ਹਾਂ ਨੇ ਮੇਰੇ ਖ਼ਿਲਾਫ਼ ਝੂਠੀ ਗਵਾਹੀ ਦਿੱਤੀ। ਉਸ ਨੇ ਮੈਨੂੰ ਕਿਹਾ ਕਿ ਤੁਸੀਂ ਇਨ੍ਹਾਂ ਇਸਾਈਆਂ 'ਤੇ ਮੁਕ਼ੱਦਮਾ ਕਰ ਸਕਦੇ ਹੋ। ਪਰ ਕਿਉਂਕਿ ਮੈਂ **ਮੁਕ਼ੱਦਮੇਬਾਜ਼ੀ** ਤੋਂ ਨਫ਼ਰਤ ਕਰਦਾ ਹਾਂ, ਮੈਂ ਇਹੀ ਕਿਹਾ ਕਿ ਮੈਂ ਮੁਕ਼ੱਦਮਾ ਨਹੀਂ ਕਰਨਾ ਚਾਹੁੰਦਾ, ਮੇਰਾ ਮੁਕ਼ੱਦਮਾ ਆਸਮਾਨ 'ਤੇ ਦਾਇਰ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸੇ ਮੁਕ਼ੱਦਮੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ **ਰਾਜਤਬਾਜ਼ੀ** ਅਤੇ ਉੱਚੇ **ਅਖ਼ਲਾਕ਼** ਦੇ ਬਾਰੇ ਇੱਕ ਗ਼ੈਰ ਅਹਮਦੀ ਮੁਸਲਮਾਨ ਵਕੀਲ ਮੌਲਵੀ ਫ਼ਜ਼ਲਦੀਨ ਸਾਹਿਬ ਦਾ ਬਿਆਨ ਹੈ। ਉਹ ਕਹਿੰਦੇ ਹਨ: ਮੇਰੇ ਦਿਲ ਵਿੱਚ ਮਿਰਜ਼ਾ ਸਾਹਿਬ عليه السلام ਦੀ ਬਹੁਤ ਅਜ਼ਮਤ ਹੈ। ਮੈਂ ਉਨ੍ਹਾਂ ਦਾ ਮੁਕ਼ਾਮ ਅਤੇ ਮਰਤਬਾ ਬਹੁਤ ਅਜ਼ੀਮੁੱਸ਼ ਸ਼ਾਨ ਸਮਝਦਾ ਹਾਂ। ਭਾਵੇਂ ਉਨ੍ਹਾਂ ਦੇ ਦਾਅਵਿਆਂ ਦੇ ਬਾਰੇ ਮੈਂ ਇਹ ਮੰਨਦਾ ਹਾਂ ਕਿ ਉਨ੍ਹਾਂ ਨੂੰ ਸਮਝਣ ਵਿੱਚ ਗ਼ਲਤੀ ਹੋਈ ਹੈ ਲੇਕਿਨ ਉਹ ਬ-ਹਰ-ਹਾਲ ਇੱਕ **ਨੇਕ** ਇਨਸਾਨ ਹਨ।

ਇਹ ਰਿਵਾਇਤ ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਸਾਹਿਬ ਰਜ਼ਿ ਅੱਲਾਹੁ ਅਨਹੁ ਕੋਲ ਇੱਕ ਹਿੰਦੂ ਲਾਲੇ ਦੀਨਾ ਨਾਥ ਨੇ ਬਿਆਨ ਕੀਤੀ ਕਿ ਇੱਕ ਮਜਲਿਸ ਵਿੱਚ ਮੌਲਵੀ ਫ਼ਜ਼ਲਦੀਨ ਸਾਹਿਬ ਦੀ ਮੌਜੂਦਗੀ ਵਿੱਚ ਕਿਸੇ ਨੇ ਮਿਰਜ਼ਾ ਸਾਹਿਬ عليه السلام ਦਾ ਅਜਿਹੇ ਰੰਗ ਵਿੱਚ ਵਿਰੋਧ ਕੀਤਾ ਜਿਹੜਾ **ਸ਼ਰਾਫ਼ਤ** ਅਤੇ **ਅਖ਼ਲਾਕ਼** ਦੇ ਪਹਿਲੂ ਤੋਂ ਗਿਰਿਆ ਹੋਇਆ ਸੀ। ਇਹ ਸੁਣ ਕੇ ਮੌਲਵੀ ਫ਼ਜ਼ਲਦੀਨ ਸਾਹਿਬ ਮਰਹੂਮ ਨੂੰ ਬਹੁਤ ਜੋਸ਼ ਆ ਗਿਆ। ਉਨ੍ਹਾਂ ਨੇ ਬੜੇ ਜਜ਼ਬੇ ਨਾਲ ਕਿਹਾ ਕਿ ਮੈਂ ਮਿਰਜ਼ਾ ਸਾਹਿਬ عليه السلام ਦਾ ਮੁਰੀਦ ਨਹੀਂ ਹਾਂ, ਉਨ੍ਹਾਂ ਦੇ ਦਾਅਵਿਆਂ 'ਤੇ ਮੇਰਾ ਇਮਾਨ ਨਹੀਂ ਹੈ ਪਰ ਮਿਰਜ਼ਾ ਸਾਹਿਬ عليه السلام ਦੀ ਅਜ਼ੀਮੁੱਸ਼ ਸ਼ਾਨ **ਸ਼ਖ਼ਸੀਅਤ** ਅਤੇ ਅਖ਼ਲਾਕ਼ੀ **ਕਮਾਲ** ਦਾ ਮੈਂ ਗਵਾਹ ਹਾਂ। ਮੈਂ ਵਕੀਲ ਹਾਂ ਅਤੇ ਹਰ ਕ਼ਿਸਮ ਦੇ ਪੱਧਰ ਦੇ ਲੋਕਾਂ ਦੇ ਮੁਕ਼ੱਦਮੇ ਮੇਰੇ ਕੋਲ ਆਉਂਦੇ ਹਨ। ਹਜ਼ਾਰਾਂ ਨੂੰ ਮੈਂ ਇਸ ਸਿਲਸਿਲੇ ਵਿੱਚ ਦੇਖਿਆ ਕਿ ਜਿਸ ਨੂੰ ਵੀ ਕ਼ਾਨੂੰਨੀ ਮਸ਼ਵਰੇ ਦੇ ਤਹਿਤ ਆਪਣੇ ਬਿਆਨ ਨੂੰ ਬਦਲਣ ਦੀ ਲੋੜ ਪੇਸ਼ ਆਈ ਉਸ ਨੇ ਬਿਨਾ ਪਲ ਵੀ ਗਵਾਏ ਆਪਣਾ ਬਿਆਨ ਬਦਲ ਲਿਆ ਪਰ ਮੈਂ ਆਪਣੀ ਉਮਰ ਵਿੱਚ ਸਿਰਫ਼ ਮਿਰਜ਼ਾ ਸਾਹਿਬ عليه السلام ਨੂੰ ਹੀ ਦੇਖਿਆ ਹੈ ਜਿਨ੍ਹਾਂ ਨੇ ਸੱਚ ਦੇ ਮੁਕ਼ਾਮ ਤੋਂ ਕ਼ਦਮ ਨਹੀਂ ਹਟਾਇਆ।

ਮਾਰਟਨ ਕਲਾਰਕ ਦੇ ਮੁਕ਼ੱਦਮੇ ਵਿੱਚ ਮੈਂ ਉਨ੍ਹਾਂ ਦੇ ਲਈ ਇੱਕ ਕ਼ਾਨੂੰਨੀ ਬਿਆਨ ਲਿਖਿਆ ਅਤੇ ਉਨ੍ਹਾਂ ਦੀ ਖ਼ਿਦਮਤ ਵਿੱਚ ਪੇਸ਼ ਕੀਤਾ। ਉਨ੍ਹਾਂ ਨੇ ਉਸ ਨੂੰ ਪੜ੍ਹ ਕੇ ਕਿਹਾ ਕਿ ਇਸ ਵਿੱਚ ਤਾਂ **ਝੂਠ** ਹੈ। ਮੈਂ ਕਿਹਾ ਕਿ ਮੁਲਜ਼ਮ ਦਾ ਬਿਆਨ ਹਲਫ਼ੀ ਨਹੀਂ ਹੁੰਦਾ ਅਤੇ ਕ਼ਾਨੂੰਨਨ ਉਸ ਨੂੰ ਇਜਾਜ਼ਤ ਹੈ ਕਿ ਉਹ ਜੋ ਚਾਹੇ ਬਿਆਨ ਕਰੇ। ਇਸ 'ਤੇ ਆਪ عليه السلام ਨੇ ਫ਼ਰਮਾਇਆ ਕਿ ਕ਼ਾਨੂੰਨ ਨੇ ਤਾਂ ਉਸ ਨੂੰ ਇਜਾਜ਼ਤ ਦਿੱਤੀ ਹੈ ਮਗਰ ਖ਼ੁਦਾ ਤਆਲਾ ਤਾਂ ਇਜਾਜ਼ਤ ਨਹੀਂ ਦਿੰਦਾ। ਬਸ ਮੈਂ ਸਹੀ ਸਹੀ ਮਾਮਲਾ ਪੇਸ਼ ਕਰਾਂਗਾ। ਫਿਰ ਅਸੀਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਿਰਫ਼ ਇਹ ਕਹਿ ਦਿਓ ਕਿ ਮੈਂ ਅਬਦੁਲ ਹਮੀਦ ਨੂੰ ਨਹੀਂ ਜਾਣਦਾ ਬਾਕ਼ੀ ਅਸੀਂ ਸੰਭਾਲ ਲਵਾਂਗੇ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਸਾਡੇ ਸਾਰੇ **ਮਸ਼ਵਰਿਆਂ** ਨੂੰ ਸੁਣ ਕੇ ਫ਼ਰਮਾਇਆ ਕਿ ਮੈਂ ਦੁਨੀਆ ਵਿੱਚ ਸੱਚ ਨੂੰ ਕ਼ਾਇਮ ਕਰਨ ਲਈ ਆਇਆ ਹਾਂ, ਮੈਂ ਹਰਗਿਜ਼ ਝੂਠ ਨਹੀਂ ਬੋਲਾਂਗਾ ਚਾਹੇ ਮੈਨੂੰ ਫਾਂਸੀ ਦੇ ਦਿੱਤੀ ਜਾਵੇ। ਮੈਂ ਅਬਦੁਲ ਹਮੀਦ ਨੂੰ ਜਾਣਦਾ ਹਾਂ, ਉਹ ਕਾਦੀਆਂ ਆਉਂਦਾ ਹੁੰਦਾ ਸੀ। ਮੈਂ ਇਸ ਤੋਂ ਹਰਗਿਜ਼ ਇਨਕਾਰ ਨਹੀਂ ਕਰ ਸਕਦਾ ਚਾਹੇ ਕੁੱਝ ਹੋ ਜਾਵੇ। ਅਸੀਂ ਅਰਜ਼ ਕੀਤਾ ਕਿ ਝੂਠ ਨਾ ਬੋਲਣਾ ਚਾਹੋ ਤਾਂ ਗੋਲ ਮੋਲ ਗੱਲ ਕਰ ਦਿਓ। ਪਰ ਹਜ਼ੂਰ عليه السلام ਨੇ ਫ਼ਰਮਾਇਆ: ਮੈਂ ਤਾਂ ਅਜਿਹਾ ਵੀ ਨਹੀਂ ਕਰ ਸਕਦਾ, ਖ਼ੁਦਾ ਨੇ ਮੈਨੂੰ ਦੁਨੀਆਂ ਵਿੱਚ ਆਪਣਾ ਨਮੂਨਾ ਪੇਸ਼ ਕਰਨ ਲਈ ਭੇਜਿਆ ਹੈ। ਮੈਂ ਜਾਨ ਬਚਾਉਣ ਦੀ ਖ਼ਾਤਿਰ ਅਜਿਹਾ ਨਮੂਨਾ ਪੇਸ਼ ਕਰਨ ਦੇ ਲਈ ਤਿਆਰ ਨਹੀਂ ਹਾਂ। ਜੇਕਰ ਸੱਚ ਬੋਲਦੇ ਹੋਏ ਸਾਡੀ ਜਾਨ ਵੀ ਚਲੀ ਜਾਵੇ ਤਦ ਵੀ ਅਸੀਂ **ਕਾਮਯਾਬ** ਹੋ ਗਏ।

ਜਦ ਹਜ਼ੂਰ ਦਾ ਬਿਆਨ ਅਦਾਲਤ ਵਿੱਚ ਹੋਇਆ ਤਾਂ ਹਜ਼ੂਰ عليه السلام ਨੇ ਸਾਫ਼ ਤੌਰ 'ਤੇ ਬਿਆਨ ਕਰ ਦਿੱਤਾ ਕਿ ਮੈਂ ਅਬਦੁਲ ਹਮੀਦ ਨੂੰ ਜਾਣਦਾ ਹਾਂ। ਇਸੇ ਨਾਲ ਅਸੀਂ ਵੀ ਯਕ਼ੀਨ ਕਰ ਲਿਆ ਕਿ ਹੁਣ **ਰਿਹਾਈ** ਨਾ-ਮੁਮਕਿਨ ਹੈ ਪਰ

ਖ਼ੁਦਾ ਦੀ ਮਦਦ ਇਸ ਮੁਕ਼ੱਦਮੇ ਵਿੱਚ ਹਜ਼ੂਰ عليه السلام ਨੂੰ ਜੋ ਨਸੀਬ ਹੋਈ, ਇਹ ਦੇਖ ਕੇ ਅਸੀਂ ਹੈਰਾਨ ਹੋ ਗਏ ਕਿ ਖ਼ੁਦਾ ਨੇ ਕਿਸ ਤਰ੍ਹਾਂ ਆਪਣੇ **ਮਾਮੂਰ** (ਭੇਜੇ ਹੋਏ) ਦੀ ਮਦਦ ਕੀਤੀ ਅਤੇ ਉਹ ਇਸ ਸੰਗੀਨ ਮੁਕ਼ੱਦਮੇ ਵਿੱਚ ਬਾ-ਇੱਜ਼ਤ ਤੌਰ 'ਤੇ ਬਰੀ ਹੋ ਕੇ ਕਾਮਯਾਬ ਹੋਇਆ।

ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ 1916 ਈ: ਵਿੱਚ ਮਿਸਟਰ ਵਾਲਟਰ ਸਿਲਸਿਲਾ ਅਹਮਦਿੱਯਾ ਦੇ ਬਾਰੇ ਤਹਕ਼ੀਕ਼ ਕਰਨ ਲਈ ਕਾਦੀਆਂ ਆਏ। ਉਨ੍ਹਾਂ ਨੇ ਖ਼ਾਹਿਸ਼ ਜ਼ਾਹਿਰ ਕੀਤੀ ਕਿ ਮੈਨੂੰ ਬਾਨੀਏ ਸਿਲਸਿਲਾ ਦੇ ਕਿਸੇ ਪੁਰਾਣੇ ਸਹਾਬੀ ਨਾਲ਼ ਮਿਲਾਇਆ ਜਾਵੇ। ਉਸ ਵੇਲੇ਼ ਹਜ਼ਰਤ ਮੁਨਸ਼ੀ ਅਰੋੜੇ ਖ਼ਾਨ ਸਾਹਿਬ ਰਜ਼ਿ ਅੱਲਾਹੁ ਅਨਹੁ ਮਰਹੂਮ ਕਾਦੀਆਂ ਵਿੱਚ ਸਨ। ਵਾਲਟਰ ਸਾਹਿਬ ਨੂੰ ਹਜ਼ਰਤ ਮੁਨਸ਼ੀ ਸਾਹਿਬ ਰਜ਼ਿ ਅੱਲਾਹੁ ਅਨਹੁ ਦੇ ਨਾਲ਼ ਮਿਲਵਾਇਆ ਗਿਆ। ਮਿਸਟਰ ਵਾਲਟਰ ਨੇ ਹਜ਼ਰਤ ਮੁੰਸ਼ੀ ਸਾਹਿਬ ਰਜ਼ਿ ਅੱਲਾਹੁ ਅਨਹੁ ਨਾਲ਼ ਰਸਮੀ ਗੁਫ਼ਤਗੂ ਦੇ ਬਾਅਦ ਇਹ ਪੁੱਛਿਆ ਕਿ ਤੁਹਾਡੇ 'ਤੇ ਜਨਾਬ ਮਿਰਜ਼ਾ ਸਾਹਿਬ عليه السلام ਦੀ ਸੱਚਾਈ ਦੀ ਕਿਹੜੀ **ਦਲੀਲ** ਨੇ ਸਭ ਤੋਂ ਜ਼ਿਆਦਾ ਅਸਰ ਕੀਤਾ?

ਮੁਨਸ਼ੀ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਜਵਾਬ ਦਿੱਤਾ ਕਿ ਮੈਂ ਜ਼ਿਆਦਾ ਪੜ੍ਹਿਆ ਲਿਖਿਆ ਆਦਮੀ ਨਹੀਂ ਹਾਂ ਅਤੇ ਜ਼ਿਆਦਾ ਇਲਮੀ ਦਲੀਲਾਂ ਨਹੀਂ ਜਾਣਦਾ ਪਰ ਮੇਰੇ 'ਤੇ ਜਿਸ ਗੱਲ ਨੇ ਸਭ ਤੋਂ ਜ਼ਿਆਦਾ ਅਸਰ ਕੀਤਾ ਉਹ ਹਜ਼ਰਤ ਸਾਹਿਬ عليه السلام ਦੀ **ਸ਼ਖ਼ਸੀਅਤ** ਸੀ। ਆਪ عليه السلام ਤੋਂ ਜ਼ਿਆਦਾ **ਸੱਚਾ**, ਜ਼ਿਆਦਾ **ਦਿਆਨਤਦਾਰ** ਅਤੇ ਖ਼ੁਦਾ ਉੱਤੇ **ਇਮਾਨ** ਰੱਖਣ ਵਾਲਾ ਸ਼ਖ਼ਸ ਮੈਂ ਨਹੀਂ ਦੇਖਿਆ। ਉਨ੍ਹਾਂ ਨੂੰ ਦੇਖ ਕੇ ਕੋਈ ਸ਼ਖ਼ਸ ਇਹ ਨਹੀਂ ਕਹਿ ਸਕਦਾ ਸੀ ਕਿ ਇਹ ਸ਼ਖ਼ਸ ਝੂਠਾ ਹੈ। ਬਾਕ਼ੀ ਮੈਂ ਤਾਂ ਉਨ੍ਹਾਂ ਦੇ ਮੂੰਹ ਦਾ ਭੁੱਖਾ ਸੀ ਮੈਨੂੰ ਜ਼ਿਆਦਾ ਦਲੀਲਾਂ ਦਾ ਇਲਮ ਨਹੀਂ। ਇਹ ਕਹਿ ਕੇ ਮੁਨਸ਼ੀ ਸਾਹਿਬ ਰਜ਼ਿ ਅੱਲਾਹੁ ਅਨਹੁ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਯਾਦ ਵਿੱਚ ਇਸ ਕ਼ਦਰ ਬੇ-ਚੈਨ ਹੋ ਗਏ ਕਿ ਫੁੱਟ ਫੁੱਟ ਕੇ ਰੋਣ ਲੱਗੇ ਅਤੇ ਰੋਂਦੇ ਰੋਂਦੇ ਉਨ੍ਹਾਂ ਦੀ ਹਿਚਕੀ ਬੱਝ ਗਈ। ਮਿਸਟਰ ਵਾਲਟਰ ਦਾ ਰੰਗ ਬਿਲਕੁਲ ਉੱਡ ਗਿਆ। ਉਨ੍ਹਾਂ ਨੇ ਆਪਣੀ ਕਿਤਾਬ **ਅਹਮਦਿੱਯਾ ਮੂਵਮੈਂਟ** (Ahmadiyya Movement) ਵਿੱਚ ਇਸ ਵਾਕ਼ੇ ਦਾ ਖ਼ਾਸ ਤੌਰ 'ਤੇ ਜ਼ਿਕਰ ਵੀ ਕੀਤਾ ਅਤੇ ਲਿਖਿਆ ਕਿ ਜਿਸ ਸ਼ਖ਼ਸ ਨੇ ਆਪਣੀ ਸੋਹਬਤ ਵਿੱਚ ਇਸ ਕ਼ਿਸਮ ਦੇ ਲੋਕ ਪੈਦਾ ਕੀਤੇ ਹਨ ਉਸ ਨੂੰ ਅਸੀਂ ਘੱਟੋ ਘੱਟ ਧੋਖੇਬਾਜ਼ ਨਹੀਂ ਕਹਿ ਸਕਦੇ।

ਮਿਰਜ਼ਾ ਰਹੀਮ ਬਖਸ਼ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਨੂੰ ਇੱਕ ਅਹਮਦੀ ਸ਼ਖ਼ਸ ਮਿਲਿਆ। ਕੁੱਝ ਗੱਲਾਂ ਹੋਈਆਂ। ਮੈਂ ਕ਼ਾਇਲ ਹੋ ਗਿਆ। ਰਾਤ ਨੂੰ ਖ਼ਾਬ ਵਿੱਚ ਆਇਆ ਕਿ ਅਸੀਂ ਚਾਰੇ ਭਰਾ ਇੱਕ ਪਹਾੜ ਦੀ ਗ਼ਾਰ ਵਿੱਚ ਭਟਕੇ ਹੋਏ ਹਾਂ, ਰਸਤਾ ਨਹੀਂ ਮਿਲ਼ਦਾ। ਫਿਰ ਮੈਂ ਇੱਕ ਪਾਸਿਓਂ ਚੜ੍ਹ ਕੇ ਉੱਤੇ ਆ ਗਿਆ ਹਾਂ। ਮੈਂ ਦੇਖਿਆ ਕਿ ਰੇਲ ਚੱਲ ਰਹੀ ਹੈ ਪਰ ਗੱਡੀ ਜ਼ਮੀਨ ਤੋਂ ਬਹੁਤ ਉੱਚੀ ਹੈ। ਮੈਂ ਹੈਰਾਨ ਹਾਂ ਕਿ ਕਿਵੇਂ ਚੜ੍ਹਾਂ। ਇਕ ਸ਼ਖ਼ਸ ਖੜਾ ਹੈ, ਕਹਿੰਦਾ ਹੈ ਕਿ ਮੇਰੇ ਥੱਲੇ ਜਿਹੜੀ ਰੱਸੀ ਆਸਮਾਨ ਤੋਂ ਲਮਕੀ ਹੋਈ ਹੈ ਉਸ ਨੂੰ ਪਕੜ। ਕਹਿੰਦੇ ਹਨ ਕਿ ਸਵੇਰੇ ਇਬਰਾਹੀਮ ਸਾਹਿਬ ਮੇਰੇ ਕੋਲ਼ ਆਏ, ਮੈਂ ਖ਼ਾਬ ਸੁਣਾਇਆ ਤਾਂ ਉਨ੍ਹਾਂ ਨੇ ਕ਼ੁਰਆਨ ਕਰੀਮ ਕੱਢ ਲਿਆ ਅਤੇ وَاعْتَصِمُوْا بِحَبْلِ اللّٰهِ ਦਿਖਾਇਆ ਕਿ ਇਸ਼ਾਰਾ ਹੈ ਕਿ ਅੱਲਾਹ ਦੀ ਰੱਸੀ ਨੂੰ ਪਕੜ ਲਵੋ। ਮੈਂ ਬੈਅਤ ਦਾ ਖ਼ਤ ਲਿਖ ਦਿੱਤਾ। ਜਵਾਬ ਆਇਆ ਕਿ ਬੈਅਤ ਮਨਜ਼ੂਰ ਹੈ ਪਰ ਕਾਦੀਆਂ ਜ਼ਰੂਰ ਆਓ।

ਕਹਿੰਦੇ ਹਨ ਕਿ ਮੈਂ ਅੰਮ੍ਰਿਤਸਰ ਸਟੇਸ਼ਨ ਤੋਂ ਬਟਾਲਾ ਵਾਲ਼ੀ ਗੱਡੀ ਵਿੱਚ ਬੈਠਿਆ ਤਾਂ ਦੋ ਤਿੰਨ ਬੁੱਢੇ ਸਿੱਖ ਨਾਲ਼ ਬੈਠ ਗਏ। ਮੈਨੂੰ ਪੁੱਛਿਆ ਕਿ ਕਿੱਥੇ ਜਾਂਦੇ ਹੋ? ਮੈਂ ਕਿਹਾ **ਕਾਦੀਆਂ**। ਉਨ੍ਹਾਂ ਨੇ ਕਿਹਾ ਕਿ **ਮਿਰਜ਼ੇ ਦੀ ਕਾਦੀਆਂ**? ਮੈਂ ਕਿਹਾ ਕਿ ਹਾਂ। ਮੈਂ ਹਜ਼ਰਤ ਸਾਹਿਬ عليه السلام ਦੇ ਬਾਰੇ ਪੁੱਛਿਆ ਕਿ ਉਹ ਕੈਸੇ ਹਨ? ਤਾਂ ਉਹ ਆਪਣੀ ਅਕ਼ਲ ਦੇ ਮੁਤਾਬਿਕ਼ ਕਹਿਣ ਲੱਗੇ ਕਿ ਬੜਾ **ਮਸ਼ਹੂਰ** ਹੈ, ਉਹ ਖ਼ੁਦਾਈ ਦਾ ਦਾਅਵਾ ਕਰਦਾ ਹੈ। ਮੈਂ ਇੰਝ ਹੀ **ਸ਼ਰਾਰਤਨ** ਕਿਹਾ ਕਿ ਮੈਂ ਮਿਰਜ਼ਾ ਸਾਹਿਬ عليه السلام ਨੂੰ ਜਾਣਦਾ ਹਾਂ, ਸਿਆਲਕੋਟ ਵਿੱਚ ਉਹ ਅਤੇ ਮੇਰਾ ਬਾਪ ਦੋਹੇਂ ਮੁਲਾਜ਼ਿਮ ਸਨ ਅਤੇ ਉਹ ਮਿਲ਼ ਕੇ ਭੰਗ ਪੀਂਦੇ ਸਨ। ਮੈਂ ਉਂਝ ਹੀ ਮਜ਼ਾਕ਼ ਵਿੱਚ ਕਹਿ ਦਿੱਤਾ। ਇਸ 'ਤੇ ਉਨ੍ਹਾਂ ਸਿੱਖਾਂ ਨੇ ਕਿਹਾ ਕਿ ਮੀਆਂ! ਇਹ ਹਰਗਿਜ਼ ਨਾ ਕਹੋ। ਉਹ ਤਾਂ ਇੱਕ **ਸਾਧੂ** ਆਦਮੀ ਹੈ ਅਤੇ ਨਿਹਾਇਤ **ਸੱਚਾ** ਅਤੇ **ਅਮੀਨ** ਆਦਮੀ ਹੈ। ਉਹ ਅਜਿਹਾ ਮਸ਼ਹੂਰ ਹੈ ਕਿ ਲੋਕ ਉਸ ਦੀ ਮਿਸਾਲ ਪੇਸ਼ ਕਰਦੇ ਹਨ। ਕੋਈ ਸੱਚ ਬੋਲੇ ਤਾਂ ਸਾਡੇ ਲੋਕ ਕਹਿੰਦੇ ਹਨ ਕਿ ਕੀ ਤੂੰ ਮਿਰਜ਼ਾ ਗ਼ੁਲਾਮ ਮੁਰਤਜ਼ਾ ਦਾ

ਮੁੰਡਾ ਹੈਂ? ਇਹ ਤਾਂ ਮਿਸਾਲ ਬਣ ਚੁੱਕਿਆ ਹੈ। ਇੱਕ ਨੇ ਕਿਹਾ ਕਿ ਉਹ ਸਾਡੇ ਨਾਲ਼ ਬਚਪਨ ਵਿੱਚ **ਖੇਡਦਾ** ਸੀ। ਅਸੀਂ ਇਸ ਲਈ ਅਦਬ ਕਰਦੇ ਸਾਂ ਕਿ ਰਈਸ (ਸਰਦਾਰ) ਦਾ ਬੇਟਾ ਹੈ। ਫਿਰ ਉਸ ਵਿੱਚ ਤਬਦੀਲੀ ਆਉਂਦੀ ਗਈ ਅਤੇ ਅੰਦਰ ਹੀ ਅੰਦਰ ਰਹਿਣ ਲੱਗਾ (ਯਾਨੀ ਗੋਸ਼ਾ ਨਸ਼ੀਨ ਹੋ ਗਏ) ਅਤੇ ਅੰਦਰ ਹੀ ਅੰਦਰ **ਜਾਦੂ** ਪਕਾਉਂਦਾ ਰਿਹਾ (ਉਹ ਇਹ ਸਮਝਦੇ ਸਨ) ਅਤੇ ਅੰਦਰ ਬੈਠ ਕੇ ਕਾਦੀਆਂ ਦੇ ਚਾਰ ਚਾਰ ਮੀਲ ਤੇ ਉਸ ਨੇ ਜਾਦੂ ਕਰ ਦਿੱਤਾ। ਕਿਸੇ ਧਰਮ ਦਾ ਕੋਈ ਸ਼ਖ਼ਸ ਉਸ ਦੇ ਕੋਲ਼ ਆਏ ਤਾਂ ਉਹ ਉਸ ਦੇ ਧਰਮ ਵਿੱਚੋਂ ਆਪਣੇ ਆਪ ਨੂੰ ਸੱਚਾ ਸਾਬਿਤ ਕਰਕੇ ਦਿਖਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਆਸਮਾਨਾਂ ਤੋਂ ਆਇਆ ਹਾਂ। ਕਹਿੰਦੇ ਹਨ ਕਿ ਮੈਂ ਉਨ੍ਹਾਂ ਕੋਲੋਂ ਇਹ ਗੱਲਾਂ ਸੁਣ ਲਈਆਂ। ਜਦ ਮੈਂ ਕਾਦੀਆਂ ਮਹਿਮਾਨ ਖ਼ਾਨੇ ਉਤਰਿਆ ਤਾਂ ਤਿੰਨ ਚਾਰ ਮੁੰਡੇ ਸਨ। ਮੈਂ **ਆਜ਼ਮਾਉਣ** ਦੇ ਲਈ ਉਨ੍ਹਾਂ ਨਾਲ਼ ਸਖ਼ਤੀ ਨਾਲ਼ ਗੱਲ ਕੀਤੀ ਪਰ ਮੇਰੀ ਸਖ਼ਤੀ ਦੇ ਮੁਕ਼ਾਬਲੇ ਵਿੱਚ ਬੜੀ **ਨਰਮੀ** ਅਤੇ **ਅਖ਼ਲਾਕ਼** ਨਾਲ਼ ਪੇਸ਼ ਆਏ। ਕਾਦੀਆਂ ਵਿੱਚ ਬਹੁਤ ਸਖ਼ਤ ਗਰਮੀ ਸੀ। ਮੈਂ ਵਾਪਿਸ ਜਾਣਾ ਚਾਹਿਆ ਤਾਂ ਇੱਕ ਅਰਬ ਮਿਲਿਆ, ਉਸ ਨੇ ਕਿਹਾ ਕਿ ਹੁਣ ਆਏ ਹੋ ਤਾਂ ਹਜ਼ਰਤ ਸਾਹਿਬ عليه السلام ਨੂੰ ਦੇਖੇ ਬਗ਼ੈਰ ਵਾਪਿਸ ਨਾ ਜਾਣਾ। ਇਹ ਜ਼ਮਾਨਾ ਫਿਰ ਹੱਥ ਨਹੀਂ ਆਵੇਗਾ। ਇਸੇ ਦੌਰਾਨ ਅਜ਼ਾਨ ਹੋ ਗਈ ਅਤੇ ਮੈਂ ਸੋਚਿਆ ਕਿ ਨਮਾਜ਼ ਪੜ੍ਹ ਲਵਾਂ। ਨਮਾਜ਼ ਦੇ ਬਾਅਦ ਹਜ਼ਰਤ ਸਾਹਿਬ عليه السلام ਮਜਲਿਸ ਵਿੱਚ ਬੈਠ ਗਏ। ਸਿਰ **ਨੀਵਾਂ** ਕੀਤਾ ਹੋਇਆ ਸੀ। ਮੈਂ ਸਾਹਮਣੇ ਖੜਾ ਸੀ ਅਤੇ ਮੇਰੀ ਦਾੜ੍ਹੀ ਮੁੱਛ ਕੁੱਛ ਵੀ ਨਹੀਂ ਸੀ। ਮੈਂ ਦਿਲ ਵਿੱਚ ਕਿਹਾ ਕਿ ਜਦ ਤੱਕ ਮੈਂ ਇਸ ਸ਼ਖ਼ਸ ਦਾ ਚਿਹਰਾ ਨਹੀਂ ਦੇਖਾਂਗਾ **ਯਕ਼ੀਨ** ਨਹੀਂ ਕਰਾਂਗਾ। ਥੋੜੀ ਦੇਰ ਦੇ ਬਾਅਦ ਹਜ਼ਰਤ ਸਾਹਿਬ عليه السلام ਨੇ ਚਿਹਰਾ ਚੁੱਕ ਕੇ ਦੇਖਿਆ, ਮੈਂ ਦਿਲ ਵਿੱਚ ਕਿਹਾ ਕਿ ਆਪ عليه السلام **ਸੱਚੇ** ਹੋ। ਫਿਰ ਥੋੜੀ ਦੇਰ ਦੇ ਬਾਅਦ ਸਿਰ ਚੁੱਕ ਕੇ ਦੇਖਿਆ, ਮੈਂ ਕਿਹਾ ਕਿ **ਆਮੱਨਾ** (اٰمَنَّا) ਯਾਨੀ ਮੈਂ ਮੰਨ ਲਿਆ। ਤੀਸਰੀ ਵਾਰ ਫਿਰ ਦੇਖਿਆ ਤਾਂ ਕਹਿੰਦੇ ਹਨ ਕਿ ਮੈਂ **ਕ਼ੁਰਬਾਨ** ਹੀ ਹੋ ਗਿਆ।

ਹਜ਼ਰਤ ਚੌਧਰੀ ਸਰ ਜ਼ਫ਼ਰੁੱਲਾਹ ਖ਼ਾਨ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਹੈ ਕਿ ਜਦ ਮੈਂ ਪਹਿਲੀ ਵਾਰ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਲਾਹੌਰ ਵਿੱਚ **ਜ਼ਿਆਰਤ** ਕੀਤੀ ਸੀ। ਮੇਰੇ ਦਿਲ ਵਿੱਚ ਜਿਹੜਾ ਅਸਰ ਉਸ ਵੇਲ਼ੇ ਹੋਇਆ ਉਹ ਇਹੀ ਸੀ ਕਿ ਇਸ ਸ਼ਖ਼ਸ ਸੱਚਾ ਹੈ ਅਤੇ ਜੋ ਕਹਿੰਦਾ ਹੈ ਉਹ ਸੱਚ ਹੈ ਅਤੇ ਇੱਕ ਅਜਿਹੀ **ਮੁਹੱਬਤ** ਮੇਰੇ ਦਿਲ ਵਿੱਚ ਆਪ عليه السلام ਦੇ ਬਾਰੇ ਅੱਲਾਹ ਤਆਲਾ ਦੇ ਵੱਲੋਂ ਪਾ ਦਿੱਤੀ ਗਈ ਕਿ ਉਹੀ ਮੇਰੇ ਲਈ ਆਪ عليه السلام ਦੀ ਸਦਾਕ਼ਤ ਦੀ ਅਸਲ ਦਲੀਲ ਹੈ। ਮੈਂ ਭਾਵੇਂ ਉਸ ਵੇਲ਼ੇ ਬੱਚਾ ਸੀ ਪਰ ਉਸ ਵੇਲ਼ੇ ਤੋਂ ਲੈ ਕੇ ਹੁਣ ਤੱਕ ਮੈਨੂੰ ਕਿਸੇ ਵੇਲ਼ੇ ਵੀ ਕਿਸੇ ਦਲੀਲ ਦੀ ਲੋੜ ਨਹੀਂ ਪਈ। ਬਾਅਦ ਵਿੱਚ ਲਗਾਤਾਰ ਅਜਿਹੇ ਵਾਕ਼ਿਆਤ ਰੂਨੁਮਾ ਹੁੰਦੇ ਰਹੇ ਜਿਹੜੇ ਮੇਰੇ ਇਮਾਨ ਦੀ ਮਜ਼ਬੂਤੀ ਦਾ ਕਾਰਨ ਹੋਏ। ਕਿਉਂਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਆਪ عليه السلام ਦਾ ਮੁਬਾਰਕ ਚਿਹਰਾ ਦੇਖ ਕੇ ਹੀ ਮੰਨਿਆ ਸੀ ਅਤੇ ਉਹੀ ਅਸਰ ਹੁਣ ਤੱਕ ਮੇਰੇ ਲਈ ਆਪ عليه السلام ਦੇ ਦਾਅਵੇ ਦੀ ਸੱਚਾਈ ਦਾ ਸਭ ਤੋਂ ਵੱਡਾ ਸਬੂਤ ਹੈ।

ਅੱਲਾਹ ਤਆਲਾ ਸਾਨੂੰ **ਤੌਫ਼ੀਕ਼** ਦੇਵੇ ਕਿ ਅਸੀਂ ਇਸ ਹਕ਼ੀਕ਼ਤ ਨੂੰ ਸਮਝਦੇ ਹੋਏ ਸੱਚਾਈ 'ਤੇ ਕ਼ਾਇਮ ਰਹਿਣ ਵਾਲ਼ੇ ਹੋਈਏ ਅਤੇ ਹਮੇਸ਼ਾ ਸੱਚਾਈ ਦੇ ਉੱਚੇ ਮਿਆਰ 'ਤੇ ਅਮਲ ਕਰਨ ਵਾਲ਼ੇ ਹੋਈਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞